# FIT* (ਟੱਟੀ ਦੀ ਇਮਿਊਨੋਕੈਮੀਕਲ ਜਾਂਚ)
# ਮਰੀਜ਼ ਲਈ ਹਿਦਾਇਤਾਂ



**1.**
ਕਿਸੇ ਵੀ LifeLabs ਸਥਾਨ ਤੋਂ ਨਮੂਨਾ ਲੈਣ ਦੀ ਕਿਟ ਲਵੋ।



**2.**
ਟਿਸ਼ੂ ਪੇਪਰ ਨੂੰ ਖੋਲ੍ਹੋ।



**3.**
ਟਿਸ਼ੂ ਪੇਪਰ ਨੂੰ ਟਾਇਲਟ ਦੇ ਬਾਊਲ ਵਿੱਚ ਪਾਣੀ ਦੇ ਉੱਪਰ ਰੱਖੋ।



**4.**
ਨਮੂਨਾ ਲੈਣ ਵਾਲੇ ਕਾਗਜ਼ (ਟਿਸ਼ੂ) 'ਤੇ ਟੱਟੀ ਕਰੋ।



**5.**
ਘੁੰਮਾ ਕੇ ਅਤੇ ਚੁੱਕ ਕੇ ਕੰਟੇਨਰ ਦਾ ਹਰਾ ਢੱਕਣ ਖੋਲ੍ਹੋ।



**6.**
ਕਾਗਜ਼ ਦੇ ਡੁੱਬਣ ਤੋਂ ਪਹਿਲਾਂ ਹਰੇ ਰੰਗ ਦੀ ਨਮੂਨਾ ਲੈਣ ਵਾਲੀ ਡੰਡੀ ਦੇ ਨਾਲ ਟੱਟੀ ਦੀ ਸਤ੍ਹਾ ਨੂ ਰਗੜੋ।

ਨਮੂਨਾ ਲੈਣ ਵਾਲੀ ਡੰਡੀ ਦੇ ਨਾਲੀਦਾਰ ਹਿੱਸੇ ਨੂੰ ਪੂਰੀ ਤਰ੍ਹਾਂ ਨਾਲ ਟੱਟੀ ਦੇ ਨਮੂਨੇ ਨਾਲ ਭਰੋ।

ਚਿੱਤਰ ਵਿੱਚ ਦਿਖਾਏ ਅਨੁਸਾਰ ਟੱਟੀ ਦੀ ਸਿਰਫ਼ ਥੋੜ੍ਹੀ ਜਿਹੀ ਮਾਤਰਾ ਦੀ ਲੋੜ ਹੁੰਦੀ ਹੈ।




**7.**
ਡੰਡੀ ਨੂੰ ਵਾਪਸ ਕੰਟੇਨਰ ਵਿੱਚ ਪਾ ਦਿਓ ਅਤੇ ਹਰੇ ਰੰਗ ਦਾ ਢੱਕਣ ਬੰਦ ਕਰ ਦਿਓ।

ਦੁਬਾਰਾ ਨਾ ਖੋਲ੍ਹੋ।

ਆਪਣੇ ਹੱਥ ਧੋਵੋ।

ਲੇਬਲ ਅਤੇ ਮੰਗ ਪੱਤਰ 'ਤੇ ਨਮੂਨਾ ਲੈਣ ਦੀ ਮਿਤੀ ਅਤੇ ਸਮਾਂ ਰਿਕਾਰਡ ਕਰੋ।



**8.**
ਨਮੂਨੇ ਵਾਲੇ ਕੰਟੇਨਰ ਨੂੰ ਸੋਖਣ ਵਾਲੇ ਕਾਗਜ਼ (ਜਿਵੇਂ ਕਿ ਕਾਗਜ਼ੀ ਤੌਲੀਏ) ਵਿੱਚ ਲਪੇਟੋ ਅਤੇ ਇਸ ਨੂੰ ਜ਼ਿਪ ਲੌਕ ਬੈਗ ਵਿੱਚ ਰੱਖ ਦਵੋ।

ਨਮੂਨੇ ਨੂੰ 7 ਦਿਨਾਂ ਦੇ ਅੰਦਰ LifeLabs ਨੂੰ ਵਾਪਸ ਕਰ ਦਿਓ।

LifeLab ਦੇ ਸਥਾਨ ਇਸ ਪੰਨੇ ਦੇ ਪਿੱਛੇ ਦਿੱਤੇ ਗਏ ਹਨ।